


# '25 ਕਿੱਲੇ' ਰਾਹੀਂ ਗੁੱਗੂ ਗਿੱਲ ਤੇ ਯੋਗਰਾਜ ਸਿੰਘ ਦੀ ਚਰਚਿਤ ਜੋੜੀ ਮੁੜ ਦਰਸ਼ਕਾਂ ਦੇ ਰੂਬਰੂ




25 ਪੰਜਾਬੀ ਸਿਨੇਮੇ ਦੇ ਬੜਕਾਂ ਵਾਲੇ ਦੌਰ ਦੀਆਂ ਫ਼ਿਲਮਾਂ ਦੀ ਚਰਚਿਤ ਜੋੜੀ ਗੁੱਗੂ ਗਿੱਲ ਤੇ ਯੋਗਰਾਜ ਸਿੰਘ ਤਕਰੀਬਨ 16 ਸਾਲਾਂ ਦੇ ਵੱਡੇ ਵਕਫ਼ੇ ਬਾਅਦ ਇੱਕ ਵਾਰ ਫਿਰ 25 ਅਗਸਤ ਨੂੰ ਰਿਲੀਜ਼ ਹੋਣ ਵਾਲੀ ਫ਼ਿਲਮ '25 ਕਿੱਲੇ' ਰਾਹੀਂ ਮੁੜ ਦਰਸ਼ਕਾਂ ਦੇ ਰੂਬਰੂ ਹੋਈ। ਗੁੱਗੂ ਗਿੱਲ ਤੇ ਯੋਗਰਾਜ ਸਿੰਘ ਲੰਬੇ ਅਰਸੇ ਤੋਂ ਪੰਜਾਬੀ ਫ਼ਿਲਮਾਂ 'ਚ ਸ਼ਾਨਦਾਰ ਭੂਮਿਕਾਵਾਂ ਨਿਭਾ ਰਹੇ ਹਨ ਪਰ ਜਦੋਂ ਤੋਂ ਇਨ੍ਹਾਂ ਦੇ ਇਕੱਠੇ ਕੰਮ ਕਰਨ ਦੀ ਖਬਰ ਪੰਜਾਬੀ ਫ਼ਿਲਮ ਪ੍ਰੇਮੀਆਂ ਦੇ ਕੰਨੀਂ ਪਈ ਤਾਂ ਉਹ ਉਸ ਵੇਲੇ ਤੋਂ ਹੀ 25 ਕਿੱਲੇ ਫ਼ਿਲਮ ਦੀ ਬੇਸਬਰੀ ਨਾਲ ਉਡੀਕ ਕਰ ਰਹੇ ਸਨ।

ਗੁੱਗੂ ਗਿੱਲ ਨੇ ਯੋਗਰਾਜ ਸਿੰਘ ਨਾਲ '25 ਕਿੱਲੇ' ਫ਼ਿਲਮ 'ਚ ਇਕੱਠੇ ਕੰਮ ਕਰਨ ਬਾਰੇ ਦੱਸਿਆ ਕਿ ਉਨ੍ਹਾਂ ਦੀ ਜੋੜੀ ਨੂੰ ਲੈ ਕੇ ਲੰਬੇ ਅਰਸੇ ਤੋਂ ਕੋਈ ਢੁੱਕਵੀਂ ਕਹਾਣੀ ਨਹੀਂ ਮਿਲ ਰਹੀ ਸੀ। ਜਿਉਂ ਹੀ ਉਨ੍ਹਾਂ ਨੂੰ ਸਿਮਰਨਜੀਤ ਹੁੰਦਲ, ਸੁਰਮੀਤ ਮਾਵੀ ਤੇ ਹਰੀਸ਼ ਗਾਰਗੀ ਦੁਆਰਾ ਲਿਖੀ ਮਿਆਰੀ ਫ਼ਿਲਮ ਦੀ ਕਹਾਣੀ ਸੁਣਾਈ ਗਈ ਤਾਂ ਉਨ੍ਹਾਂ '25 ਕਿੱਲੇ' ਫ਼ਿਲਮ ਰਾਹੀਂ ਯੋਗਰਾਜ ਸਿੰਘ ਨਾਲ ਮੁੜ ਕੰਮ ਕਰਨ 'ਚ ਦੇਰ ਨਾ ਲਗਾਈ। ਗੁੱਗੂ ਗਿੱਲ ਨੇ ਦੱਸਿਆ ਕਿ ਇਹ ਫ਼ਿਲਮ ਇਕ ਸਾਂਝੇ ਪਰਿਵਾਰ ਦੇ ਪਿਆਰ ਅਤੇ ਮਿਹਨਤ ਨਾਲ ਅੱਗੇ ਵਧਣ ਦਾ ਸੰਦੇਸ਼ ਦਿੰਦੀ ਹੈ। ਇਸ ਸ਼ਰੀਫ ਪਰਿਵਾਰ ਨੂੰ ਬੇਵਜ੍ਹਾ ਤੰਗ-ਪ੍ਰੇਸ਼ਾਨ ਕਰਕੇ, ਲੜਨ ਭਿੜਨ ਲਈ ਮਜਬੂਰ ਕਰਨ ਵਾਲੇ ਹਾਲਾਤ ਨਾਲ ਫ਼ਿਲਮ ਦੀ ਕਹਾਣੀ ਅੱਗੇ ਵਧਦੀ ਹੈ। ਆਪਣੇ ਕਿਰਦਾਰ ਬਾਰੇ ਗੁੱਗੂ ਗਿੱਲ ਨੇ ਦੱਸਿਆ ਕਿ ਇਸ ਫ਼ਿਲਮ 'ਚ ਉਸ ਨੇ ਇੱਕ ਅਜਿਹੇ ਵੱਡੇ ਭਰਾ ਦੀ ਭੂਮਿਕਾ ਨਿਭਾਈ ਹੈ ਜੋ ਆਪਣੇ ਛੋਟੇ ਤਿੰਨ ਭਰਾਵਾਂ ਨੂੰ ਆਪਣੇ ਮਾਤਾ-ਪਿਤਾ ਦੀ ਮੌਤ ਤੋਂ ਬਾਅਦ ਬਹੁਤ ਲਾਡ-ਪਿਆਰ ਨਾਲ ਰੱਖਦਾ ਹੈ ਅਤੇ ਜੀਵਨ ਦੇ ਹਰੇਕ ਖੇਤਰ 'ਚ ਅਗਵਾਈ ਦਿੰਦਾ ਹੈ। ਉਨ੍ਹਾਂ ਦਾ ਪਰਿਵਾਰ ਖੇਤੀਬਾੜੀ ਦੇ ਨਾਲ-ਨਾਲ ਘੋੜਿਆਂ ਦਾ ਵਪਾਰ ਕਰਕੇ ਵਧੀਆਂ ਜ਼ਿੰਦਗੀ ਬਸਰ ਕਰਦਾ ਹੈ। ਗੁੱਗੂ ਗਿੱਲ ਦੇ ਛੋਟੇ ਭਰਾਵਾਂ ਦੀਆਂ ਭੂਮਿਕਾਵਾਂ ਵਿਕਰਮ ਰਾਂਝਾ, ਲਖਵਿੰਦਰ ਲੱਖਾ ਤੇ ਜਿੰਮੀ ਸ਼ਰਮਾ ਨੇ ਨਿਭਾਈਆਂ ਹਨ। ਦੂਸਰੇ ਪਾਸੇ ਯੋਗਰਾਜ ਸਿੰਘ ਤੇ ਹੌਬੀ ਧਾਲੀਵਾਲ ਹੋਰਾਂ ਦਾ ਪਰਿਵਾਰ, ਗੁੱਗੂ ਗਿੱਲ ਹੋਰਾਂ ਦੇ ਪਰਿਵਾਰ ਨੂੰ ਲੜਾਈ-ਝਗੜਿਆਂ ਲਈ ਮਜਬੂਰ ਕਰਦਾ ਹੈ। ਜਿਸ ਕਾਰਨ ਗੁੱਗੂ ਗਿੱਲ ਹੋਰਾਂ ਦੀ ਸ਼ਰਾਫਤ ਦਾ ਬੰਨ• ਟੁੱਟ ਜਾਂਦਾ ਹੈ ਅਤੇ ਉਹ ਸਾਰੇ ਭਰਾ ਮਿਲ ਕੇ ਵਿਰੋਧੀਆਂ ਨੂੰ ਜਵਾਬ ਦਿੰਦੇ ਹਨ।

ਗੁੱਗੂ ਗਿੱਲ ਨੇ ਦੱਸਿਆ ਕਿ ਇਹ ਫ਼ਿਲਮ ਇੱਕ ਐਕਸ਼ਨ ਭਰਪੂਰ ਫ਼ਿਲਮ ਹੈ। ਜਿਸ ਵਿੱਚ ਹਰ ਵਰਗ ਦੇ ਦਰਸ਼ਕਾਂ ਦਾ ਧਿਆਨ ਰੱਖਿਆ ਗਿਆ ਹੈ। ਜੈਦੇਵ ਕੁਮਾਰ ਦੇ ਸੰਗੀਤਬੱਧ ਕੀਤੇ ਗੀਤ ਕਾਫੀ ਹਰਮਨ-ਪਿਆਰੇ ਹੋ ਰਹੇ ਹਨ। ਗੁੱਗੂ ਗਿੱਲ ਦਾ ਕਹਿਣਾ ਹੈ, 'ਅੱਜ ਪੰਜਾਬੀ ਫ਼ਿਲਮਾਂ ਦਾ ਘੇਰਾ ਬਹੁਤ ਵਿਸ਼ਾਲ ਹੋ ਗਿਆ ਹੈ। ਕਿਸੇ ਸਮੇਂ ਪੰਜਾਬੀ ਫ਼ਿਲਮਾਂ ਨੂੰ ਪੇਂਡੂ ਦਰਸ਼ਕ ਹੀ ਦੇਖਦੇ ਸਨ ਪਰ ਅੱਜ ਕੀ ਸ਼ਹਿਰੀ ਤੇ ਕੀ ਪੇਂਡੂ, ਹਰੇਕ ਵਰਗ ਦਾ ਦਰਸ਼ਕ ਪੰਜਾਬੀ ਫ਼ਿਲਮਾਂ ਦੇਖਦਾ ਹੈ। ਹਿੰਦੀ ਫ਼ਿਲਮੀ ਅਦਾਕਾਰ ਵੀ ਪੰਜਾਬੀ ਫ਼ਿਲਮਾਂ 'ਚ ਚੰਗੀਆਂ ਭੂਮਿਕਾਵਾਂ ਨਿਭਾਉਣ ਲਈ ਤੱਤਪਰ ਰਹਿੰਦੇ ਹਨ।'

ਗੁੱਗੂ ਗਿੱਲ ਨੇ ਦੱਸਿਆ, ਉਨ੍ਹਾਂ ਦੀ ਅਗਲੀ ਫ਼ਿਲਮ 'ਸਰਦਾਰ ਸਾਹਿਬ' 'ਚ ਜੈਕੀ ਸ਼ਰਾਫ ਉਨ੍ਹਾਂ ਦੇ ਵੱਡੇ ਭਰਾ ਦੀ ਭੂਮਿਕਾ ਨਿਭਾ ਰਹੇ ਹਨ। ਇਸ ਤੋਂ ਇਲਾਵਾ ਉਨ੍ਹਾਂ ਦੀਆਂ ਕਈ ਹੋਰ ਫ਼ਿਲਮਾਂ ਵੀ ਨਿਰਮਾਣ ਅਧੀਨ ਹਨ। ਗੁੱਗੂ ਗਿੱਲ ਨੇ ਦੱਸਿਆ, 'ਉਨ੍ਹਾਂ ਨੂੰ ਉਮੀਦ ਹੈ ਕਿ 25 ਕਿੱਲੇ ਫ਼ਿਲਮ ਪੰਜਾਬੀ ਸਿਨੇਮੇ ਨੂੰ ਹੋਰ ਵੀ ਮਿਆਰ ਬਖਸ਼ੇਗੀ।'


# ਪੰਜਾਬ ਦੇ ਮਹਿੰਗੇ ਵਿਆਹ ਬਨਾਮ ਵਧਾਈਆਂ

ਵਿਆਹ ਦੀ ਪੰਜਾਬ ਵਿੱਚ ਪੁਰਾਣੀ ਤੇ ਪਵਿੱਤਰ ਰੀਤ ਨੂੰ ਅਜੋਕੇ ਸਮਾਜ ਨੇ ਆਪਣੇ ਅਨੁਸਾਰ ਢਾਲ ਕੇ ਬਿਜਨਸ ਦੇ ਤੌਰ ਤੇ ਅਪਣਾ ਲਿਆ ਹੈ। ਵਿਆਹ ਦਾ ਨਾਂਮ ਸੁਣਦੇ ਹੀ ਆਰਥਿਕ ਪੱਖੋ ਕਮਜ਼ੋਰ ਵਿਅਕਤੀ ਨੂੰ ਉਹਨਾਂ ਚਾਅ ਨਹੀਂ ਚੜਦਾ, ਜਿੰਨ੍ਹਾ ਕਾਂਬਾ ਛਿੜ ਜਾਂਦਾ ਹੈ। ਸਮਾਜ ਵਿੱਚ ਆਪਣੀ ਨੱਕ ਰੱਖਣ ਲਈ ਕਈ ਮਹਿੰਗੇ ਵਿਆਹ ਕਰਨੇ ਲੋਕਾਂ ਦੀ ਮਜਬੂਰੀ ਬਣ ਗਈ ਜਾਪਦੀ ਹੈ ਅਤੇ ਇਸ ਤੋਂ ਬਾਹਰ ਆਉਣ ਲਈ ਕੋਈ ਵੀ ਪਹਿਲ ਨਹੀਂ ਕਰਨੀ ਚਾਹੁੰਦਾ, ਭਾਵੇਂ ਕਿ ਇਹ ਵਰਤਾਰਾ ਬਰਾਦਰੀ ਦੇ ਡਰੋਂ ਘੱਟ ਤੇ ਆਪਣੀ ਹੈਸੀਅਤ ਵਖਾਉਣ ਲਈ ਜ਼ਿਆਦਾ ਭਾਰੂ ਹੋ ਗਿਆ ਹੈ। ਇਹਨਾਂ ਵਿਆਹਾਂ ਵਿੱਚ ਅੱਜ ਕੱਲ੍ਹ ਸਭ ਤੋਂ ਵੱਧ ਧੰਦਾ ਪ੍ਰਫੁਲਤ ਹੋ ਰਿਹਾ ਹੈ ਵਧਾਈਆਂ ਦਾ।

ਮੈਨੂੰ ਕੁੱਝ ਮਹੀਨੇ ਪਹਿਲਾ ਪੰਜਾਬ ਜਾਣ ਦਾ ਮੌਕਾ ਮਿਲਿਆਂ ਤਾਂ ਤਕਰੀਬਨ ਚਾਰ-ਪੰਜ ਵਿਆਹ ਆਪਣੇ ਕਰੀਬੀ ਰਿਸ਼ਤੇਦਾਰੀ ਵਿੱਚ ਹੋਣ ਕਰਕੇ ਪੂਰੀ ਤਰ੍ਹਾਂ ਨਾਲ ਉਹਨਾਂ ਵਿੱਚ ਸ਼ਾਮਿਲ ਹੋਣ ਦਾ ਮੌਕਾ ਮਿਲਿਆ। ਕਿਸ ਤਰ੍ਹਾਂ ਹਰ ਵਰਗ ਦੇ ਲੋਕ ਜੋ ਕਿ ਦੂਰੋਂ ਨੇੜਿਉਂ ਵਿਆਹ ਨਾਲ ਸੰਬੰਧਤ ਹੁੰਦੇ ਹਨ ਵਧਾਈ ਨੂੰ ਆਪਣਾ ਸੰਵਿਧਾਨਕ ਹੱਕ ਸਮਝਦੇ ਹੋਏ ਉਸ ਨੂੰ ਪ੍ਰਾਪਤ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਾਉਂਦੇ ਹਨ। ਵਧਾਈਆਂ ਦੀ ਰਸਮ ਪਹਿਲੇ ਦਿਨ ਹਲਵਾਈ ਵੱਲੋਂ ਭੱਠੀ ਸ਼ੁਰੂ ਕਰਨ ਤੋਂ ਆਰੰਭ ਹੋ ਕੇ ਵਿਆਹ ਤੋਂ ਬਾਅਦ ਖੁਸਰੇ ਨੱਚਣ ਤੱਕ ਚਲਦੀ ਹੈ।

ਭੱਠੀ ਸ਼ੁਰੂ ਕਰਨ ਵੇਲੇ ਉਹ ਸ਼ੁਭ ਮਹੂਰਤ ਆਰੰਭ ਦਾ ਨਾਮ ਲੈ ਕੇ ਵਧਾਈ ਮੰਗਦੇ ਹਨ। ਉਸ ਤੋਂ ਬਾਅਦ ਵਾਰੀ ਆਉਂਦੀ ਹੈ ਟੈਂਟ ਵਾਲਿਆਂ ਦੀ, ਲਾਈਟਾਂ ਵਾਲਿਆਂ ਦੀ ਅਤੇ ਅਗਲੇ ਦਿਨ ਰਾਤ ਨੂੰ ਜਾਗੋ ਆਦਿ ਵੇਲੇ ਡੀ.ਜੇ. ਵਾਲਿਆਂ ਦੀ। ਸਭ ਤੋਂ ਵੱਧ ਹੈਰਾਨੀ ਮੈਨੂੰ ਉਸ ਸਮੇਂ ਹੋਈ ਜਦੋਂ ਡੀ.ਜੇ ਵਾਲੇ ਨੇ ਸਾਨੂੰ ਆਖਿਆਂ ਤੁਸੀਂ ਸਾਡੇ ਨਾਲ ਡੀਲ ਕਰ ਲਵੋਂ¢ ਮਤਲਬ ਨੱਚਣ ਵੇਲੇ ਜਦੋਂ ਤੁਸੀਂ ਸਾਡੇ ਤੋਂ ਦਸ ਦਸ ਦੇ ਟੁੱਟੇ ਨੋਟ ਲੈਣ ਲਈ ਰੁਪਏ ਦਿਉਗੇ ਤਾਂ ਅਸੀਂ ਤੁਹਾਨੂੰ ਦੁਗਣੇ ਦੇਵਾਂਗੇ ਜਾਂ ਤੁਸੀ ਉੱਕਾ-ਪੁੱਕਾ ਪ੍ਰਤੀ ਵਿਅਕਤੀ ਦੋ ਹਜ਼ਾਰ ਰੁਪਏ ਦੇ ਦਿਉ ਤੇ ਜਿਨ੍ਹਾਂ ਚਿਰ ਮਰਜ਼ੀ ਸਾਡੇ ਤੋਂ ਨੋਟ ਲੈ ਕੇ ਸੁੱਟਦੇ ਰਹੋ ਅਤੇ ਆਪਣੀ ਬੱਲੇ ਬੱਲੇ ਕਰਵਾਉਂਦੇ ਰਹੋ। ਮੈਨੂੰ ਲੱਗਾ ਜਿਵੇਂ ਇਸ ਡੀ.ਜੇ ਵਾਲੇ ਨੇ ਇਸ ਬਿਜਨੈਸ ਵਿੱਚ ਐਮ.ਬੀ.ਏ. ਕੀਤੀ ਹੋਵੇ।

ਬਾਰਾਤ ਵਾਲੇ ਦਿਨ ਤਾਂ ਸਾਰਾ ਦਿਨ ਇਸ ਤਰ੍ਹਾਂ ਲੱਗ ਰਿਹਾ ਸੀ ਜਿਵੇਂ ਹਰ ਚੀਜ਼ ਵੇਖਣ ਤੇ ਖਾਣ ਦੇ ਪੈਸੇ ਦਿਉ ਨਹੀਂ ਤਾਂ ਘਰ ਜਾਉ। ਸਿਲਸਿਲਾ ਸਵੇਰੇ ਦੇ ਬਰੇਕ ਫਾਸਟ ਦੀ ਵਧਾਈ ਤੋਂ ਸ਼ੁਰੂ ਹੋਇਆ। ਫਿਰ ਡੀ.ਜੇ ਵਾਲਿਆ ਨੇ ਇਸ ਨੂੰ ਸਿਖਰਾਂ ਤੇ ਪਹੁੰਚਾ ਦਿੱਤਾ। ਬਾਹਰਲੇ ਮੁਲਕਾਂ ਤੋਂ ਆਉਣ ਵਾਲਿਆਂ ਦੇ



ਸਪੈਸ਼ਲ ਨਾਮ ਪੁੱਛ-ਪੁੱਛ ਕੇ ਸਟੇਜ਼ ਤੋਂ ਬੋਲਣੇ ਸ਼ੁਰੂ ਕਰ ਦਿੱਤੇ ਤਾਂ ਜੋ ਵੱਧ ਤੋਂ ਵੱਧ ਜੇਬਾ ਖਾਲੀ ਕਰਵਾਈਆਂ ਜਾਣ। ਇਸ ਕੰਮ ਵਿੱਚ ਸਭ ਤੋਂ ਵੱਧ ਯੋਗਦਾਨ ਸ਼ਰਾਬ ਦਾ ਹੁੰਦਾ ਹੈ। ਫਿਰ ਬੈਂਡ ਵਾਲਿਆ ਨੇ ਆਪਣੀ ਕਲਾ ਦੇ ਜੌਹਰ ਦਿਖਾਉਣੇ ਸ਼ੁਰੂ ਕੀਤੇ ਅਤੇ ਮੁੰਡਾ ਕੁੜੀ ਸਟੇਜ਼ ਤੇ ਲਿਜਾਣ ਸਮੇਂ¢ ਉਹ ਤਾਂ ਮਸਾ ਹਟਾਏ ਗਏ ਜਦੋਂ ਉਹ ਵਧਾਈ ਤੋਂ ਸੰਤੁਸ਼ਿਟ ਹੋਏ। ਸਾਰੇ ਵਿਆਹ ਵਿੱਚ ਬਹਿਰਿਆਂ ਨੇ ਵੀ ਆਪਣੇ ਹੱਥ ਰੰਗਣੇ ਜਾਰੀ ਰੱਖੇ ਅਤੇ ਇਹ ਸਿਲਸਿਲਾ ਰੋਟੀ ਵੇਲੇ ਸਿਖਰ ਤੇ ਪਹੁੰਚ ਗਿਆਂ ਜਦੋਂ ਉਹ ਵਿਆਹ ਵਾਲੇ ਲੜਕੇ ਦੇ ਮਾਮਿਆਂ, ਚਾਚਿਆ ਆਦਿ ਨੂੰ ਲੱਭਦੇ ਫਿਰਦੇ ਸਨ। ਕਈ ਵਾਰ ਤਾਂ ਰੋਟੀ ਤੋਂ ਬਾਅਦ ਦੀ ਸਵੀਟਡਿਸ਼ ਪੰਜ ਸੋ ਰੁਪਏ ਤੱਕ ਦੀ ਪੈ ਜਾਦੀ ਹੈ।

ਅੰਤਿਮ ਪੜਾਅ ਵੱਲ ਵਧਦੇ ਹੋਏ ਵਾਰੀ ਆ ਗਈ ਹੁਣ ਪੈਲੇਸ ਦੇ ਸਕਿਊਰਟੀ ਗਾਰਡਾਂ ਦੀ ਜੋ ਕਿ ਗੇਟ ਖੋਲਣ ਦੀ ਵੀ ਵਧਾਈ ਚਾਹੁੰਦੇ ਹਨ। ਉਨ੍ਹਾਂ ਤੋਂ ਨਿਪਟਣ ਤੋਂ ਬਾਅਦ ਘਰ ਪਹੁੰਚੇ ਤਾਂ ਪਤਾ ਲੱਗਾ ਕਿ ਲੜਕੇ ਦੇ ਯਾਰਾਂ ਦੋਸਤਾਂ ਨੇ ਗੱਡੀ ਲਾ ਕੇ ਘਰ ਦਾ ਗੇਟ ਰੋਕਿਆ ਹੋਇਆ ਹੈ। ਲੱਗਦਾ ਸੀ ਕਿ ਇਹ ਆਖਰੀ ਪੜਾਅ ਹੋਵੇਗਾ ਪਰ ਇਸ ਨੂੰ ਪਾਰ ਲੰਘਣ ਤੋਂ ਬਾਅਦ ਪਤਾ ਲੱਗਾ ਕਿ ਅਜੇ ਅੰਦਰ ਵੀ ਮੇਨ ਦਰਵਾਜ਼ੇ ਉਤੇ ਭੈਣਾਂ ਨੇ ਨਾਕਾ ਲਾਇਆ ਹੋਇਆ ਹੈ।

ਇਸ ਤਰ੍ਹਾਂ ਇਹ ਵਿਆਹ ਇਹਨਾਂ ਵਧਾਈਆਂ ਤੇ ਫਜ਼ੂਲ ਖਰਚਿਆਂ ਦੇ ਕਾਰਨ ਵੀ ਮਹਿੰਗੇ ਹੁੰਦੇ ਜਾ ਰਹੇ ਹਨ। ਪਤਾ ਨਹੀਂ ਇਹ ਵਿਆਹ ਨਵੀਂ ਪੀੜ੍ਹੀ ਨੂੰ ਕਿਵੇਂ ਸੇਧ ਦੇਣਗੇ ਅਤੇ ਇਸ ਪਵਿੱਤਰ ਰਿਸ਼ਤੇ ਦੇ ਅਰਥ ਸਮਝਾਉਣਗੇ।

ਭਜਨ ਸਿੰਘ ਬਾਂਹਬਾ, ਐਡੀਟਰ : ਕੈਨੇਡਾ ਐਡੀਸ਼ਨ